# ਜਾਣਕਾਰੀ ਇਕੱਠੀ ਕਰ ਰਹੇ

## ਕਨੇਡਾ ਵਿੱਚ ਨਵੇਂ ਆਏ ਲੋਕਾਂ ਦੀ ਲੋੜ ਦੀ ਚੰਗੇਰੀ ਪੂਰਤੀ ਲਈ



ਨਾਗਰਤਾ ਅਤੇ ਆਵਾਸ ਕਨੇਡਾ (Citizenship and Immigration Canada / Citoyenneté et Immigration Canada (CIC)) ਸ਼ਰਣਾਰਥੀਆਂ ਸਮੇਤ ਆਪ੍ਰਵਾਸੀਆਂ (ਇਮੀਗ੍ਰੈਂਟਾਂ) ਦੀ ਕਨੇਡਾ ਵਿੱਚ ਵਸਣ ਵਿੱਚ ਸਹਾਇਤਾ ਕਰਦਾ ਹੈ। ਅਜਿਹਾ ਕਰਣ ਦੇ ਲਈ, ਅਸੀਂ ਮੁਲਕ ਭਰ ਵਿੱਚ ਅਜਿਹੇ ਸੰਗਠਨਾਂ ਨੂੰ ਸਰਮਾਇਆ ਦੇਣੇ ਹਾਂ ਜੋ ਨਵੇਂ ਆਪ੍ਰਵਾਸੀਆਂ ਨੂੰ ਬੋਲੀ ਦੀ ਸਿੱਖਿਆ ਅਤੇ ਪੇਸ਼ਾ ਪਰਾਮਰਸ਼ (ਕੈਰੀਅਰ ਕੌਂਸਲਿੰਗ) ਅਜਿਹੀ ਸੇਵਾਵਾਂ ਦੇਣ। ਇਹ ਸੁਨਿਸਚਿਤ ਕਰਣ ਲਈ ਕਿ ਨਵੇਂ ਆਏ ਲੋਕਾਂ ਨੂੰ ਸਹੀ ਸੇਵਾਵਾਂ ਪ੍ਰਾਪਤ ਹੋਣ, ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।

ਸੀ ਆਈ ਸੀ ਵੱਲੋਂ ਸਰਮਾਇਆ ਪ੍ਰਾਪਤ ਸੰਗਠਨ ਜੋ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ, ਉਹ ਤੁਹਾਡੇ ਕੋਲੋਂ ਕੁੱਝ ਨਿਜੀ ਜਾਣਕਾਰੀ ਮੰਗਣਗੇ: ਤੁਹਾਡਾ ਪੂਰਾ ਨਾਮ, ਜਨਮ ਤਾਰੀਖ਼, ਅਤੇ ਇਮੀਗ੍ਰੇਸ਼ਨ ਨੰਬਰ ਜਾਂ ਇਮੀਗ੍ਰੇਸ਼ਨ ਦਸਤਾਵੇਜ਼। ਅਸੀਂ ਤੁਹਾਨੂੰ ਆਖਾਂਗੇ ਕਿ ਮੰਗੇ ਜਾਣ ਤੇ ਇਹ ਜਾਣਕਾਰੀ ਪੇਸ਼ ਕਰੋ।

ਤੁਹਾਡਾ ਸੇਵਾ ਪ੍ਰਦਾਤਾ ਸੰਗਠਨ ਇਹ ਜਾਣਕਾਰੀ ਸੀ ਆਈ ਸੀ ਨੂੰ ਪ੍ਰਦਾਨ ਕਰਦਾ ਹੈ। ਇਸ ਪਰਿਕ੍ਰੀਆ ਦੇ ਦੌਰਾਨ ਅਸੀਂ ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਦੇ ਹਾਂ। ਤੁਹਾਡੀ ਨਿਜੀ ਜਾਣਕਾਰੀ ਦੀ ਵਰਤੋਂ ਤੁਹਾਡੀ ਇਜਾਜ਼ਤ ਤੋਂ ਬਗ਼ੈਰ ਕਿਸੇ ਵੀ ਹੋਰ ਚੀਜ਼ ਲਈ ਨਹੀਂ ਕੀਤੀ ਜਾਵੇਗੀ। ਆਪਣੇ ਸੇਵਾ ਪ੍ਰਦਾਤਾ ਨੂੰ ਕਿਸੇ ਵੀ ਵੇਲੇ ਇਹ ਜਾਣਕਾਰੀ ਵਿਖਾਉਣ ਲਈ ਕਹਿਣ ਦਾ ਤੁਹਾਨੂੰ ਹੱਕ ਹੈ।

### ਸੀ ਆਈ ਸੀ ਵੱਲੋਂ ਨਿਜੀ ਜਾਣਕਾਰੀ ਕਿਉਂ ਇਕੱਠੀ ਕੀਤੀ ਜਾਂਦੀ ਹੈ

ਸੀ ਆਈ ਸੀ, ਨਵੇਂ ਆਏ ਲੋਕਾਂ ਦੀ ਲੋੜਾਂ ਨੂੰ ਬਿਹਤਰ ਢੰਗ ਨਾਲ ਸੱਮਝਣ ਲਈ, ਨਿਜੀ ਜਾਣਕਾਰੀ ਇਕੱਠੀ ਕਰਦਾ ਹੈ।

ਇਸ ਜਾਣਕਾਰੀ ਨਾਲ, ਅਸੀਂ ਇਹ ਸੁਨਿਸਚਿਤ ਕਰ ਸੱਕਦੇ ਹਾਂ ਕਿ ਸੇਵਾ ਪ੍ਰਦਾਤਾ ਸੰਗਠਨ ਚੰਗੀ ਤਰ੍ਹਾਂ ਕੰਮ ਕਰ ਰਹੇ ਹਨ, ਅਸੀਂ ਫ਼ੈਸਲਾ ਕਰ ਸੱਕਦੇ ਹਾਂ ਕਿ ਸਾਡੇ ਵੱਲੋਂ ਸਰਮਾਇਆ ਪ੍ਰਾਪਤ ਸੇਵਾਵਾਂ ਨੂੰ ਕਿਵੇਂ ਸੁਧਾਰਿਆ ਜਾਵੇ ਅਤੇ ਪਬਲਕ ਨੂੰ ਰਪੋਟ ਕਰ ਸੱਕਦੇ ਹਾਂ ਕਿ ਸਾਡੇ ਪ੍ਰੋਗਰਾਮ ਕਿਵੇਂ ਕੰਮ ਕਰ ਰਹੇ ਹਨ। ਇਹ ਸਭ ਸਿਰੇ ਚਾੜ੍ਹਨ ਲਈ, ਅਸੀਂ ਤੁਹਾਡੀ ਲੋੜਵੰਦ ਸੇਵਾਵਾਂ ਅਤੇ ਵਰਤੀ ਗਈ ਸੇਵਾਵਾਂ ਸੰਬੰਧਤ ਤੁਹਾਡੀ ਜਾਣਕਾਰੀ ਦੀ ਗੰਢ-ਜੋੜ ਤੁਹਾਡੇ ਦੁਆਰਾ ਦਿੱਤੇ ਉਸ ਵੇਰਵੇ ਨਾਲ ਕਰਦੇ ਹਾਂ ਜੋ ਤੁਸੀਂ ਕਨੇਡਾ ਆਉਣ ਲਈ ਅਰਜ਼ੀ ਨਾਲ ਦਿੱਤਾ ਸੀ।

ਸੇਵਾਵਾਂ ਪ੍ਰਦਾਨ ਕਰਨ ਵਾਲੇ ਸੰਗਠਨ ਇਸ ਜਾਣਕਾਰੀ ਦੀ ਵਰਤੋਂ ਤੁਹਾਨੂੰ ਪੇਸ਼ ਕਰਨ ਹਿਤ ਸਾਡੇ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਵਿਉਂਤਣ ਅਤੇ ਇਨ੍ਹਾਂ ਦੇ ਪ੍ਰਬੰਧਨ ਲਈ ਕਰਦੇ ਹਨ।

ਇਸ ਤਰ੍ਹਾਂ, ਤੁਹਾਡੀ ਜਾਣਕਾਰੀ ਸਾਨੂੰ ਇਹ ਸੁਨਿਸਚਿਤ ਕਰਣ ਵਿੱਚ ਮਦਦ ਕਰਦੀ ਹੈ ਕਿ ਸੇਵਾਵਾਂ ਤੁਹਾਡੀ ਜਰੂਰਤਾਂ ਮੁਤਾਬਕ ਹਨ।

### ਤੁਹਾਡੀ ਨਿਜੀ ਜਾਣਕਾਰੀ ਸੁਰੱਖਿਅਤ ਹੁੰਦੀ ਹੈ

ਹਾਲਾਂਕਿ ਸੀ ਆਈ ਸੀ ਨੂੰ ਆਪ੍ਰਵਾਸ ਅਤੇ ਸ਼ਰਨਾਰਥੀ ਹਿਫਾਜ਼ਤ ਅਧਿਨਿਯਮ (*Immigration and Refugee Protection Act / Loi sur l'immigration et la protection des réfugiés*) ਅਧੀਨ ਤੁਹਾਡੀ ਨਿਜੀ ਜਾਣਕਾਰੀ ਇਕੱਤਰ ਕਰਨ ਦਾ

ਵਧੇਰੇ ਜਾਣਕਾਰੀ ਲਈ
www.cic.gc.ca/english/department/atip/index.asp ਵੇਖੋ।

© Her Majesty the Queen in Right of Canada, represented by the Minister of Citizenship and Immigration, 2013



ਅਖ਼ਤਿਆਰ ਹੈ, ਕਨੇਡੀਅਨ ਗੋਪਨੀਅਤਾ (ਪ੍ਰਾਇਵੇਸੀ) ਕਨੂੰਨ ਮੰਗ ਕਰਦਾ ਹੈ ਕਿ ਸੰਧਾਨੀ (ਫ਼ੈਡਰਲ) ਸਰਕਾਰ ਤੁਹਾਡੀ ਨਿਜੀ ਜਾਣਕਾਰੀ ਸੁਰੱਖਿਅਤ ਰੱਖੇ। ਗੋਪਨੀਅਤਾ ਅਧਿਨਿਯਮ (*Privacy Act / Loi sur la protection des renseignements personnels)* ਵਿੱਚ ਦੀ ਆਗਿਆ ਤੋਂ ਇਲਾਵਾ ਹੋਰ ਕਿਸੇ ਨਾਲ ਵੀ ਤੁਹਾਡੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ। ਵਧੇਰੇ ਜਾਣਕਾਰੀ ਲਈ http://laws-lois.justice.gc.ca/eng/acts/P-21/page-3.html#h-6 ਵੇਖੋ।

ਤੁਹਾਡੀ ਦਿੱਤੀ ਨਿਜੀ ਜਾਣਕਾਰੀ ਨੂੰ ਇੱਕ ਨਿਜੀ ਜਾਣਕਾਰੀ ਬੈਂਕ, ਇੱਕ ਪ੍ਰਕਾਰ ਦਾ ਡੇਟਾਬੇਸ, ਜਿਸ ਨੂੰ ਵਸੇਬਾ ਅਤੇ ਏਕੀਕਰਨ ਸੇਵਾਵਾਂ (Settlement and Integration Services / Services d'établissement et d'intégration) ਆਖਦੇ ਹਨ, ਵਿੱਚ ਰੱਖਿਆ ਜਾਂਦਾ ਹੈ। ਇਸ ਵਿੱਚ ਕੁੱਝ ਅਜਿਹੀ ਜਾਣਕਾਰੀ ਵੀ ਹੁੰਦੀ ਹੈ ਜੋ ਤੁਸੀਂ ਕਨੇਡਾ ਆਉਣ ਦੀ ਅਰਜ਼ੀ ਦੇਣ ਵੇਲੇ ਦਿੱਤੀ ਸੀ। ਇਹ ਬੈਂਕ ਕਨੇਡਾ ਸਰਕਾਰ ਦੀ ਮਲਕੀਅਤ ਹੈ। ਵਸੇਬਾ ਅਤੇ ਏਕੀਕਰਨ ਸੇਵਾਵਾਂ ਬੈਂਕ (PIB # CIC PPU 062) ਵਿੱਚ ਰੱਖੀ ਜਾਣ ਵਾਲੀ ਨਿਜੀ ਜਾਣਕਾਰੀ ਦੀਆਂ ਕਿਸਮਾਂ ਬਾਰੇ ਵਧੇਰੇ ਪਤਾ ਕਰਣ ਲਈ http://www.cic.gc.ca/english/department/atip/infosource/pibs.asp ਵੇਖੋ।

ਤੁਸੀਂ ਆਪਣੀ ਨਿਜੀ ਜਾਣਕਾਰੀ ਦਾ ਸੀ ਆਈ ਸੀ ਰਿਕਾਡ ਜਾਣਕਾਰੀ ਹਾਸਲ ਦੀ ਬੇਨਤੀ ਕਰ ਕੇ ਜਾਂ ਗੋਪਨੀਅਤਾ ਅਧਿਨਿਯਮ (*Privacy Act*) ਦੀ ਇੱਕ ਅਰਜ਼ੀ ਦੇ ਕੇ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ www.cic.gc.ca/english/department/atip/index.asp ਵੇਖੋ।